

# ਜਦੋਂ ਤੁਹਾਡਾ ਅਜ਼ੀਜ਼ ਲੌਂਗ ਟਰਮ ਕੇਅਰ ਵਿੱਚ ਮਰ ਰਿਹਾ ਹੋਵੇ

**ਮੈਂ ਕੀ ਉਮੀਦ ਕਰ ਸਕਦਾ/ਦੀ ਹਾਂ? ਮੈਂ ਕੀ ਕਰ ਸਕਦਾ/ਦੀ ਹਾਂ?**
ਹਾਲਾਂਕਿ ਕਿਸੇ ਮੌਤ ਲਈ ਪੂਰੀ ਤਰ੍ਹਾਂ ਤਿਆਰੀ ਕਰਨਾ ਅਸੰਭਵ ਹੈ, ਇਹ ਸੌਖਾ ਹੋ ਸਕਦਾ ਹੈ ਜੇ ਤੁਸੀਂ ਜਾਣਦੇ ਹੋ ਕਿ ਕੀ ਉਮੀਦ ਕਰਨੀ ਹੈ।

ਹੌਸਪਿਸ ਪੈਲਿਏਟਿਵ ਕੇਅਰ (Hospice Palliative Care) ਦਾ ਉਦੇਸ਼ ਤਕਲੀਫ਼ ਤੋਂ ਰਾਹਤ ਦਿਵਾਉਣਾ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ।

## ਇਹ ਕਿਤਾਬਚਾ ਤੁਹਾਨੂੰ ਜ਼ਿੰਦਗੀ ਦੇ ਇਸ ਅੰਤਮ ਪੜਾਅ ਲਈ ਤਿਆਰ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।

ਮੌਤ ਇਕ ਕੁਦਰਤੀ ਪ੍ਰਕਿਰਿਆ ਹੈ। ਇਹ ਕਿਤਾਬਚਾ ਇੱਕ ਮਰਨ ਵਾਲੇ ਵਿਅਕਤੀ ਨੂੰ ਦਿਲਾਸਾ ਦੇਣ ਅਤੇ ਸਰੀਰ ਦੇ ਬੰਦ ਹੋਣ ਦੀ ਕੁਦਰਤੀ ਪ੍ਰਕਿਰਿਆ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਮਾਰਗਦਰਸ਼ਕ ਹੈ। ਮੌਤ ਦੇ ਨੇੜੇ ਆਉਣ ਦੇ ਦੱਸੇ ਗਏ ਸਾਰੇ ਸਰੀਰਕ ਅਤੇ ਭਾਵਾਤਮਕ ਚਿੰਨ੍ਹ ਹਰ ਵਿਅਕਤੀ ਦੇ ਨਾਲ ਨਹੀਂ ਵਾਪਰਨਗੇ, ਅਤੇ ਨਾ ਹੀ ਇਹ ਕਿਸੇ ਵਿਸ਼ੇਸ਼ ਕ੍ਰਮ ਵਿੱਚ ਹੋਣਗੇ। ਜੀਵਨ ਦੇ ਅੰਤ ਵਿੱਚ ਕੁਝ ਲੱਛਣ ਬਿਹਤਰ ਹੋ ਸਕਦੇ ਹਨ ਅਤੇ ਕੁਝ ਹੋਰ ਬਦਤਰ ਹੋ ਸਕਦੇ ਹਨ।

ਇਹ ਕਿਤਾਬਚਾ ਸਿਹਤ ਸੰਭਾਲ ਟੀਮ ਦੁਆਰਾ ਦਿੱਤੀ ਸਲਾਹ ਦੀ ਥਾਂ ਨਹੀਂ ਲੈ ਸਕਦਾ, ਜਿਵੇਂ ਕਿ ਨਰਸ, ਡਾਕਟਰ, ਪਾਦਰੀ, ਸੋਸ਼ਲ ਵਰਕਰ, ਫਾਰਮਾਸਿਸਟ

## ਤੁਸੀਂ ਦੇਖਭਾਲ ਕਰਨ ਵਾਲੇ

ਤੁਸੀਂ ਕੇਅਰ ਟੀਮ ਦਾ ਬਹੁਤ ਮਹੱਤਵਪੂਰਨ ਹਿੱਸਾ ਹੋ। ਟੀਮ ਦੇ ਹਰੇਕ ਮੈਂਬਰ ਨੂੰ ਕਿਸੇ ਹੋਰ ਦੀ ਦੇਖਭਾਲ ਕਰਨ ਲਈ ਚੰਗੀ ਤਰ੍ਹਾਂ ਰਹਿਣ ਅਤੇ ਆਪਣੀ ਦੇਖਭਾਲ ਕਰਨ ਦੀ ਜ਼ਰੂਰਤ ਹੁੰਦੀ ਹੈ।

ਅੱਗੇ ਲਈ ਤਿਆਰੀ ਕਰਨ ਲਈ, ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਅਜ਼ੀਜ਼ ਦੀਆਂ ਇੱਛਾਵਾਂ, ਕੋਈ ਵੀ ਸਭਿਆਚਾਰਕ ਜਾਂ ਧਾਰਮਿਕ ਪਰੰਪਰਾਵਾਂ, ਅੰਤਮ ਸੰਸਕਾਰ ਦੀ ਯੋਜਨਾਬੰਦੀ, ਅਤੇ ਮੌਤ ਦੇ ਸਮੇਂ ਕਿਸ ਨੂੰ ਬੁਲਾਇਆ ਜਾਵੇ ਬਾਰੇ ਗੱਲ ਕਰੋ।

ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਨਾ ਜੋ ਕਿ ਮਰ ਰਿਹਾ ਹੋਵੇ, ਭਾਵਨਾਤਮਕ ਅਤੇ ਸਰੀਰਕ ਤੌਰ 'ਤੇ ਥਕਾਉਣ ਵਾਲਾ ਹੋ ਸਕਦਾ ਹੈ।

ਆਮ ਪਰਿਵਾਰਕ ਰੁਟੀਨਾਂ ਵਿੱਚ ਵਿਘਨ ਪੈ ਸਕਦੀ ਹੈ। ਤੁਹਾਡੀ ਸੋਚਣ ਅਤੇ ਧਿਆਨ ਕੇਂਦਰਿਤ ਕਰਨ ਦੀ ਯੋਗਤਾ 'ਤੇ ਵੀ ਅਸਰ ਪੈ ਸਕਦਾ ਹੈ।

ਕਿਸੇ ਮਰ ਰਹੇ ਵਿਅਕਤੀ ਦੀ ਦੇਖਭਾਲ ਕਰਦੇ ਸਮੇਂ ਦੋਸ਼ ਦੀ ਭਾਵਨਾ, ਮਾਯੂਸੀ, ਨਿਰਾਸ਼ਾ ਅਤੇ ਉਦਾਸੀ ਆਮ ਅਤੇ ਸੁਭਾਵਿਕ ਹਨ।

ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਆਪਣੀਆਂ ਚਿੰਤਾਵਾਂ ਅਤੇ ਡਰ ਸਾਂਝਾ ਕਰੋ, ਜੋ ਅਕਸਰ ਇਹ ਜਾਣਨ ਦੀ ਉਡੀਕ ਵਿੱਚ ਰਹਿੰਦੇ ਹਨ ਕਿ ਉਹ ਕਿਵੇਂ ਮਦਦ ਕਰ ਸਕਦੇ ਹਨ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹਨ। ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੀ ਤੁਹਾਨੂੰ ਸਹਾਇਤਾ ਅਤੇ ਉਪਲਬਧ ਸੇਵਾਵਾਂ ਬਾਰੇ ਜਾਣਕਾਰੀ ਦੀ ਪੇਸ਼ਕਸ਼ ਕਰ ਸਕਦੇ ਹਨ।

ਅਜਿਹੇ ਬਹੁਤ ਸਾਰੇ ਸਮਰਥਨ ਅਤੇ ਲੋਕ ਹਨ ਜੋ ਇਸ ਸਫ਼ਰ ਵਿਚ ਤੁਹਾਡੀ ਸਹਾਇਤਾ ਕਰ ਸਕਦੇ ਹਨ। ਕੀ ਤੁਸੀਂ ਇਕੱਲੇ ਨਹੀਂ ਹੋ।

- ਆਪਣੇ ਪ੍ਰਤੀ ਦਿਆਲੂ ਰਹੋ ਅਤੇ ਆਪਣੀਆਂ ਨਿੱਜੀ ਸੀਮਾਵਾਂ ਦਾ ਆਦਰ ਕਰਨ ਦੀ ਕੋਸ਼ਿਸ਼ ਕਰੋ।
- ਜਦੋਂ ਤੁਹਾਨੂੰ ਲੋੜ ਹੋਵੇ ਤਾਂ ਸਹਾਇਤਾ ਲਈ ਪਰਿਵਾਰ, ਦੋਸਤਾਂ ਅਤੇ ਆਪਣੀ ਸਿਹਤ ਦੇਖਭਾਲ ਟੀਮ ਨੂੰ ਪੁੱਛੋ।
- ਆਪਣੇ ਆਪ ਨੂੰ ਉਸੇ ਤਰ੍ਹਾਂ ਮਹਿਸੂਸ ਕਰਨ ਦੀ ਆਗਿਆ ਦਿਓ ਜਿਸ ਤਰ੍ਹਾਂ ਤੁਸੀਂ ਮਹਿਸੂਸ ਕਰ ਰਹੇ ਹੋ।
- ਬਰੇਕਾਂ ਲਓ, ਠੀਕ ਤਰ੍ਹਾਂ ਖਾਓ ਅਤੇ ਨਜਿੱਠਣ ਵਿੱਚ ਆਪਣੀ ਸਹਾਇਤਾ ਲਈ ਨਿਯਮਤ ਅੰਤਰਾਲਾਂ 'ਤੇ ਆਰਾਮ ਕਰੋ।
- ਆਪਣੀਆਂ ਸਿਹਤ ਸੰਭਾਲ ਦੀਆਂ ਜ਼ਰੂਰਤਾਂ ਲਈ ਮੈਡੀਕਲ ਸਹਾਇਤਾ ਪ੍ਰਾਪਤ ਕਰੋ।

## ਮੌਜੂਦ ਅਤੇ ਜੁੜੇ ਰਹਿਣਾ

- ਉਨ੍ਹਾਂ ਨਾਲ ਬੈਠੋ, ਉਨ੍ਹਾਂ ਦਾ ਹੱਥ ਫੜੋ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਓ ਕਿ ਤੁਸੀਂ ਉੱਥੇ ਹੋ।
- ਸ਼ਾਂਤ ਢੰਗ ਨਾਲ ਗੱਲ ਕਰੋ ਅਤੇ ਨਾਮ ਨਾਲ ਆਪਣੀ ਪਛਾਣ ਕਰਵਾਓ।
- ਜਦੋਂ ਤੁਹਾਨੂੰ ਕੁਝ ਮਹੱਤਵਪੂਰਣ ਗੱਲਬਾਤ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਨਰਮੀ ਨਾਲ ਅਤੇ ਸਪਸ਼ਟ ਤੌਰ ਤੇ ਬੋਲੋ।
- ਤੁਸੀਂ ਦੇਖਭਾਲ ਪ੍ਰਦਾਨ ਕਰਦੇ ਸਮੇਂ ਗੱਲ ਕਰੋ, ਇਹ ਦਸਦੇ ਹੋਏ ਕਿ ਤੁਸੀਂ ਕੀ ਕਰੋਗੇ।
- ਉਨ੍ਹਾਂ ਦੇ ਪਲੰਘ ਦੇ ਪਾਸੇ ਵੱਲ ਬੈਠੋ, ਉਨ੍ਹਾਂ ਦੀ ਪਸੰਦ ਦਾ ਸੰਗੀਤ ਵਜਾਓ ਜਾਂ ਉਨ੍ਹਾਂ ਲਈ ਆਰਾਮ ਦੇਣ ਵਾਲੀ ਕੋਈ ਚੀਜ਼ ਉੱਚੀ ਆਵਾਜ਼ ਵਿੱਚ ਪੜ੍ਹੋ।

- ਉਨ੍ਹਾਂ ਨਾਲ ਪਰਿਵਾਰਕ ਮੈਂਬਰਾਂ ਨਾਲ ਕੀ ਹੋ ਰਿਹਾ ਹੈ ਬਾਰੇ ਜਾਂ ਦਿਲਚਸਪੀ ਦੀਆਂ ਹੋਰ ਚੀਜ਼ਾਂ ਬਾਰੇ ਗੱਲ ਕਰੋ।
- ਜੇ ਉਹ ਗਰਮ ਹਨ ਤਾਂ ਉਨ੍ਹਾਂ ਦੇ ਮੱਥੇ ਲਈ ਠੰਡਾ ਕੱਪੜਾ ਪੇਸ਼ ਕਰੋ।
- ਖੁਸ਼ਕੀ ਤੋਂ ਛੁਟਕਾਰਾ ਦਿਵਾਉਣ ਲਈ ਉਨ੍ਹਾਂ ਦੇ ਬੁੱਲ੍ਹਾਂ ਨੂੰ ਗਿੱਲਾ ਕਰੋ।
- ਮੱਧਮ ਰੌਸ਼ਨੀ ਰੱਖਣ 'ਤੇ ਵਿਚਾਰ ਕਰੋ।
- ਆਪਣੇ ਅਜ਼ੀਜ਼ ਨਾਲ ਗੱਲ ਕਰੋ, ਇਹ ਯਾਦ ਰੱਖਦੇ ਹੋਏ ਕਿ ਉਹਨਾਂ ਦੀ ਸੁਣਨ ਦੀ ਸ਼ਕਤੀ ਮੌਤ ਦੇ ਪਲ ਤਕ ਰਹਿੰਦੀ ਹੈ।
- ਅਲਵਿਦਾ ਉਚਿਤ ਹਨ ਅਤੇ ਦਿਲਾਸਾ ਦੇਣ ਯੋਗ ਹੋ ਸਕਦੇ ਹਨ।
- ਸਾਂਝੇ ਤਜ਼ਰਬਿਆਂ ਅਤੇ ਯਾਦਾਂ ਬਾਰੇ ਗੱਲ ਕਰੋ।

## ਮੌਤ ਨੇੜੇ ਆਉਣ ਦੇ ਕੀ ਚਿੰਨ੍ਹ ਹਨ?

ਹੇਠਾਂ ਦਿੱਤੇ ਗਏ ਚਿੰਨ੍ਹ ਅਤੇ ਲੱਛਣ ਹਰੇਕ ਨਾਲ ਨਹੀਂ ਵਾਪਰਨਗੇ। ਉਨ੍ਹਾਂ ਬਾਰੇ ਜਾਣੂ ਹੋ ਕੇ, ਤੁਸੀਂ ਪਛਾਣ ਕਰ ਸਕਦੇ ਹੋ ਕਿ ਮੌਤ ਨੇੜੇ ਹੋ ਸਕਦੀ ਹੈ ਅਤੇ ਆਪਣੇ ਆਪ ਨੂੰ ਤਿਆਰ ਕਰਨਾ ਸ਼ੁਰੂ ਕਰ ਸਕਦੇ ਹੋ। ਇਹ ਚਿੰਨ੍ਹ ਕਈ ਘੰਟਿਆਂ ਜਾਂ ਦਿਨਾਂ ਵਿੱਚ ਵੇਖੇ ਜਾ ਸਕਦੇ ਹਨ। ਇਹ ਅਨੁਮਾਨ ਲਗਾਉਣਾ ਮੁਸ਼ਕਲ ਹੈ ਕਿ ਮੌਤ ਹੋਣ ਤੋਂ ਪਹਿਲਾਂ ਕਿੰਨਾ ਸਮਾਂ ਹੈ। ਅਣਜਾਣ ਕਾਰਨਾਂ ਕਰਕੇ, ਕੁਝ ਲੋਕਾਂ ਦੀਆਂ ਸਥਿਤੀਆਂ ਵਿੱਚ ਥੋੜੇ ਸਮੇਂ ਲਈ ਸੁਧਾਰ ਹੋ ਸਕਦਾ ਹੈ।

## ਸਮਾਜਿਕ ਅਤੇ ਭਾਵਨਾਤਮਕ

- ਕੁਝ ਲੋਕ ਅਜਿਹੇ ਪੜਾਅ ਵਿੱਚ ਦਾਖਲ ਹੋ ਸਕਦੇ ਹਨ ਜਿੱਥੇ ਉਹ ਪਿੱਛੇ ਹਟ ਜਾਂਦੇ, ਲੋਕਾਂ ਅਤੇ ਸਮਾਗਮਾਂ ਵਿੱਚ ਦਿਲਚਸਪੀ ਗੁਆਉਂਦੇ ਹੋਏ।
- ਮਰਨ ਵਾਲਾ ਵਿਅਕਤੀ ਬਹੁਤ ਸਾਰੀਆਂ ਵੱਖਰੀਆਂ ਭਾਵਨਾਤਮਕ ਅਵਸਥਾਵਾਂ ਦਾ ਅਨੁਭਵ ਕਰ ਸਕਦਾ ਹੈ ਜਿਵੇਂ ਕਿ ਕਸੂਰਵਾਰ, ਗੁੱਸਾ, ਮਾਯੂਸੀ, ਬੇਵਸੀ, ਅਤੇ/ਜਾਂ ਉਦਾਸੀ।
- ਭਾਵਨਾਵਾਂ ਨੂੰ ਜ਼ਾਹਰ ਕਰਨਾ, ਜਿਵੇਂ ਕਿ ਹੰਝੂ, ਭਾਵਨਾਵਾਂ ਦਰਸਾਉਣ ਦਾ ਇੱਕ ਕੁਦਰਤੀ ਤਰੀਕਾ ਹੈ।

- ਕੁਝ ਲੋਕ ਡਰਦੇ ਹਨ ਕਿ ਉਹ ਇਕੱਲੇ ਰਹਿ ਜਾਣਗੇ ਜਾਂ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਬੋਝ ਬਣ ਜਾਣਗੇ।
- ਕੁਝ ਮਾਮਲਿਆਂ ਵਿੱਚ, ਉਹ ਮੌਤ ਦੇ ਨੇੜੇ ਆਉਣ ਤੇ ਆਪਣੇ ਮਾਣ ਅਤੇ ਨਿਯੰਤਰਣ ਗੁਆਉਣ ਬਾਰੇ ਚਿੰਤਤ ਹੋ ਸਕਦੇ ਹਨ।

## ਰੂਹਾਨੀ

- ਧਾਰਮਿਕ ਆਗੂ ਜਾਂ ਅਧਿਆਤਮਿਕ ਸਲਾਹਕਾਰ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਦਇਆਵਾਨ ਸਹਾਇਤਾ ਪ੍ਰਦਾਨ ਕਰ ਸਕਦੇ ਹਨ।
- ਰੀਤੀ ਰਿਵਾਜ਼, ਧਾਰਮਿਕ ਰਸਮਾਂ ਜਾਂ ਸੰਸਕਾਰ ਇਸ ਸਮੇਂ ਦਿਲਾਸਾ ਦੇ ਸਕਦੇ ਹਨ। ਸਿਹਤ ਦੇਖਭਾਲ ਟੀਮ ਅਧਿਆਤਮਿਕ ਸਹਾਇਤਾ ਤਕ ਪਹੁੰਚਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ।
- ਆਪਣੀ ਸਿਹਤ ਦੇਖਭਾਲ ਟੀਮ ਨਾਲ ਉਹਨਾਂ ਸਭਿਆਚਾਰਕ ਜਾਂ ਧਾਰਮਿਕ ਰੀਤੀ ਰਿਵਾਜ਼ਾਂ ਬਾਰੇ ਗੱਲਬਾਤ ਕਰੋ, ਜੋ ਕਿ ਤੁਹਾਡੇ ਅਜ਼ੀਜ਼ ਲਈ ਹੁਣ, ਮੌਤ ਦੇ ਸਮੇਂ ਅਤੇ ਮੌਤ ਤੋਂ ਬਾਅਦ ਕਰਨ ਲਈ ਮਹੱਤਵਪੂਰਨ ਹਨ।

## ਮਾਨਸਿਕ ਜਾਗਰੂਕਤਾ

- ਉਹ ਵਿਅਕਤੀ ਤੁਹਾਨੂੰ ਦਿਖਾਈ ਨਾ ਦੇਣ ਵਾਲੇ ਲੋਕਾਂ ਨੂੰ ਦੇਖ ਸਕਦਾ ਹੈ ਜਾਂ ਉਹਨਾਂ ਨਾਲ ਗੱਲ ਕਰ ਸਕਦਾ। ਕੇਵਲ ਉਨ੍ਹਾਂ ਦੇ ਨਾਲ ਮੌਜੂਦ ਹੋਣਾ ਉਸ ਸਮੇਂ ਉਹਨਾਂ ਨੂੰ ਸਭ ਤੋਂ ਵੱਧ ਆਰਾਮ ਪ੍ਰਦਾਨ ਕਰ ਸਕਦਾ ਹੈ।
- ਸਮੇਂ, ਲੋਕਾਂ ਅਤੇ ਜਗ੍ਹਾ ਬਾਰੇ ਭੰਬਲਭੂਸਾ ਆਮ ਹੈ। ਇਸ ਵਿੱਚ ਪਰਿਵਾਰ ਦੇ ਮੈਂਬਰ ਜਾਂ ਨੇੜਲੇ ਦੋਸਤ ਸ਼ਾਮਲ ਹੋ ਸਕਦੇ ਹਨ।
- ਹੋ ਸਕਦਾ ਹੈ ਕਿ ਵਿਅਕਤੀ ਸੁਚੇਤ, ਚੇਤੰਨ, ਜਾਂ ਤੁਹਾਡਾ ਜਵਾਬ ਦੇਣ ਦੇ ਯੋਗ ਨਾ ਹੋਵੇ। ਉਹ ਹੋਸ਼ ਵਿਚ ਹੋ ਸਕਦੇ ਹਨ ਜਾਂ ਨਹੀਂ ਹੋ ਸਕਦੇ।
- ਕਈ ਵਾਰੀ, ਤੁਹਾਡਾ ਅਜ਼ੀਜ਼ ਬੇਚੈਨ ਹੋ ਸਕਦਾ ਹੈ। ਉਹ ਅਣਡਿੱਠ ਚੀਜ਼ਾਂ ਤੱਕ ਪਹੁੰਚ ਸਕਦੇ ਹਨ, ਚਾਦਰਾਂ ਜਾਂ ਕੰਬਲ ਨੂੰ ਖਿੱਚ ਸਕਦੇ ਹਨ ਜਾਂ ਬੈਡ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਸਕਦੇ ਹਨ। ਇਹ ਉਹਨਾਂ ਆਮ ਤਬਦੀਲੀਆਂ ਦਾ ਹਿੱਸਾ ਹੈ ਜਿਹਨਾਂ ਵਿਚੋਂ ਸਰੀਰ ਲੰਘਦਾ ਹੈ ਜਿਵੇਂ ਉਹ ਬੰਦ ਹੋ ਰਿਹਾ ਹੈ। ਤੁਸੀਂ ਇਨ੍ਹਾਂ ਤਬਦੀਲੀਆਂ ਬਾਰੇ ਸਿਹਤ ਸੰਭਾਲ ਪੇਸ਼ੇਵਰ ਨਾਲ ਚਰਚਾ ਕਰ ਸਕਦੇ ਹੋ।

## ਮੌਤ ਦੇ ਨੇੜੇ ਆਉਣ ਦੇ ਸਰੀਰਕ ਚਿੰਨ੍ਹ

### ਭੋਜਨ ਅਤੇ ਤਰਲ

- ਭੁੱਖ ਦੀ ਕਮੀ ਅਤੇ ਪਿਆਸ ਵਿੱਚ ਕਮੀ ਆਮ ਹੈ; ਸਰੀਰ ਨੇ ਬੰਦ ਹੋਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਨੂੰ ਪੋਸ਼ਣ ਦੀ ਜਰੂਰਤ ਨਹੀਂ ਹੈ। ਉਨ੍ਹਾਂ ਨੂੰ ਖਾਣ-ਪੀਣ ਲਈ ਉਤਸ਼ਾਹਤ ਕਰਨਾ ਜਦੋਂ ਉਹ ਨਹੀਂ ਚਾਹੁੰਦੇ, ਉਨ੍ਹਾਂ ਦੀ ਬੇਆਰਾਮੀ ਵਧਾ ਸਕਦੇ ਹਨ ਅਤੇ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।
- ਉਹ ਕਿਸੀ ਖਾਸ ਭੋਜਨ ਦੀ ਮੰਗ ਕਰ ਸਕਦੇ ਹਨ ਪਰ ਸਿਰਫ ਕੁਝ ਛੋਟੀਆਂ ਬੁਰਕੀਆਂ ਲੈ ਸਕਦੇ ਹਨ।
- ਖੁਸ਼ਕ ਮੂੰਹ ਆਮ ਹੈ, ਇਸ ਲਈ ਆਰਾਮ ਲਈ ਅਕਸਰ ਮੂੰਹ ਦੀ ਦੇਖਭਾਲ ਪ੍ਰਦਾਨ ਕਰੋ।
- ਜੇ ਉਹ ਨਿਗਲਣ ਵਿੱਚ ਅਸਮਰੱਥ ਹਨ ਜਾਂ ਜੇ ਉਹ ਸੁਚੇਤ ਨਹੀਂ ਹਨ, ਤਾਂ ਤਰਲ ਜਾਂ ਭੋਜਨ ਨਾ ਦਿਓ ਕਿਉਂਕਿ ਉਨ੍ਹਾਂ ਦਾ ਦਮ ਘੁਟਣ ਦਾ ਜੋਖਮ ਹੋ ਸਕਦਾ ਹੈ।

### ਸੌਣਾ

- ਕੁਝ ਲੋਕ ਲੰਬੇ ਸਮੇਂ ਲਈ ਸੌਂ ਸਕਦੇ ਹਨ ਅਤੇ ਜਗਾਉਣਾ ਵਧੇਰੇ ਮੁਸ਼ਕਲ ਹੋ ਸਕਦਾ ਹੈ।
- ਜਿਵੇਂ ਹੀ ਮੌਤ ਨੇੜੇ ਆਉਂਦੀ ਹੈ, ਵਿਅਕਤੀ ਕੋਮਾ ਵਿੱਚ ਜਾ ਸਕਦਾ ਹੈ ਅਤੇ ਅਕਿਰਿਆਸ਼ੀਲ ਹੋ ਸਕਦਾ ਹੈ।



## ਸਾਹ ਲੈਣਾ

- ਸਾਹ ਲੈਣ ਦੇ ਨਿਯਮਤ ਪੈਟਰਨ ਬਦਲ ਸਕਦੇ ਹਨ। ਤੁਸੀਂ ਅਸੰਤੁਲਿਤ ਘੱਟ ਡੂੰਘੇ ਸਾਹ ਅਤੇ ਸੰਖੇਪ ਅਵਧੀਆਂ ਜਦੋਂ ਸਾਹ ਬੰਦ ਹੋ ਸਕਦਾ ਹੈ ਦੇਖ ਸਕਦੇ ਹੋ। ਇਹ ਸਾਹ ਲੈਣ ਦੇ ਪੈਟਰਨ ਸੁਭਾਵਿਕ ਹਨ ਅਤੇ ਮੌਤ ਵੱਲ ਕੁਦਰਤੀ ਰੂਪ ਨਾਲ ਵਧਣ ਦਾ ਸੰਕੇਤ ਦਿੰਦੇ ਹਨ।

- ਉਹ ਲੋਕ ਜਿਹਨਾਂ ਨੂੰ ਸਾਹ ਚੜਦਾ ਹੈ ਉਨ੍ਹਾਂ ਨੂੰ ਆਪਣੀ ਗਲ੍ਹ ਵੱਲ ਧੀਮੇ ਪੱਖੇ ਦੀ ਹਵਾ ਨਾਲ ਸਹਾਇਤਾ ਮਿਲੇਗੀ। ਸਾਹ ਚੜ੍ਹਨ ਅਤੇ ਬੇਚੈਨੀ ਨੂੰ ਘਟਾਉਣ ਲਈ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ।

- ਖੜਕਵਾਂ ਸਾਹ ਜਾਂ ਗੜਗੜਾਉਣਾ ਸ਼ੁਰੂ ਹੋ ਸਕਦਾ ਹੈ। ਇਹ ਮਾਸਪੇਸ਼ੀਆਂ ਦੀ ਕਮਜ਼ੋਰੀ ਕਾਰਨ ਹੁੰਦਾ ਹੈ। ਵਿਅਕਤੀ ਹੁਣ ਉਨ੍ਹਾਂ ਦੀ ਲਾਰ ਨੂੰ ਨਿਗਲ ਨਹੀਂ ਸਕਦਾ ਅਤੇ ਉਹਨਾਂ ਦੇ ਗਲ਼ੇ ਵਿੱਚ ਤਰਲ ਇਕੱਤਰ ਹੁੰਦਾ ਹੈ। ਇਹ ਦੁਖਦਾਈ ਨਹੀਂ ਹੈ ਪਰ ਪਰਿਵਾਰ ਦੇ ਮੈਂਬਰਾਂ ਨੂੰ ਪ੍ਰੇਸ਼ਾਨ ਕਰ ਸਕਦਾ ਹੈ। ਸਕਸ਼ਨਿੰਗ (Suctioning) ਫਾਇਦੇ ਨਾਲੋਂ ਵਧੇਰੇ ਨੁਕਸਾਨ ਪਹੁੰਚਾ ਸਕਦੀ ਹੈ। ਕਿਸੇ ਵਿਅਕਤੀ ਨੂੰ ਉਹਨਾਂ ਦੇ ਪਾਸੇ ਵੱਲ ਲਿਟਾਉਣਾ ਰਿਸਾਵ ਨੂੰ ਬਾਹਰ ਕੱਢ ਦੇਵੇਗਾ।

## ਨਿਕਾਸੀ

- ਪਿਸ਼ਾਬ (ਪੀ) ਅਤੇ ਟੱਟੀ (ਪੂ) ਦੀ ਮਾਤਰਾ ਘੱਟ ਜਾਵੇਗੀ ਕਿਉਂਕਿ ਵਿਅਕਤੀ ਘੱਟ ਖਾਂਦਾ ਅਤੇ ਪੀਂਦਾ ਹੈ। ਪਿਸ਼ਾਬ ਅਤੇ ਟੱਟੀ ਵੀ ਰੰਗ ਵਿੱਚ ਬਦਲ ਸਕਦੇ ਹਨ, ਅਤੇ ਘੱਟ ਵਾਰ ਅਤੇ ਘੱਟ ਮਾਤਰਾ ਵਿੱਚ ਆਉਣਗੇ। ਦੂਸਰੇ ਕਾਰਕ ਜਿਵੇਂ ਬਿਸਤਰੇ ਵਿਚ ਰਹਿਣਾ, ਬਹੁਤ ਘੱਟ ਗਤੀਸ਼ੀਲ ਹੋਣਾ, ਅਤੇ ਦਵਾਈ ਇਸ ਵਿੱਚ ਇੱਕ ਭੂਮਿਕਾ ਨਿਭਾ ਸਕਦਾ ਹੈ।

- ਮਾਸਪੇਸ਼ੀਆਂ ਦੇ ਵਿਸਮ ਹੋਣ 'ਤੇ ਵਿਅਕਤੀ ਆਪਣੇ ਪਿਸ਼ਾਬ ਅਤੇ ਟੱਟੀ ਦਾ ਨਿਯੰਤਰਣ ਗੁਆ ਸਕਦਾ ਹੈ। ਉਨ੍ਹਾਂ ਨੂੰ ਪਿਸ਼ਾਬ ਨਿਕਲ ਜਾਣ ਲਈ ਇੱਕ ਬ੍ਰੀਫ ਜਾਂ ਬਲੈਡਰ ਕੈਥੀਟਰ ਦੀ ਵਰਤੋਂ ਕਰਨ ਦੀ ਜ਼ਰੂਰਤ ਹੋ ਸਕਦੀ ਹੈ, ਜੋ ਕਿ ਬਲੈਡਰ ਵਿੱਚ ਲਗਾਈ ਜਾਣ ਵਾਲੀ ਇੱਕ ਟਿਊਬ ਹੁੰਦੀ ਹੈ ਜੋ ਪਿਸ਼ਾਬ ਨੂੰ ਸਰੀਰ ਦੇ ਬਾਹਰ ਇਕ ਥੈਲੇ ਵਿਚ ਵਗਣ ਦਿੰਦੀ ਹੈ।

ਇਨ੍ਹਾਂ ਲੱਛਣਾਂ ਦੇ ਪ੍ਰਬੰਧਨ ਬਾਰੇ ਕੋਈ ਪ੍ਰਸ਼ਨ ਤੁਹਾਡੇ ਸਿਹਤ ਦੇਖਭਾਲ ਪੇਸ਼ੇਵਰ ਨੂੰ ਨਿਰਦੇਸ਼ਿਤ ਕੀਤੇ ਜਾ ਸਕਦੇ ਹਨ।



## ਚਮੜੀ

- ਚਮੜੀ ਠੰਡੀ ਹੋ ਸਕਦੀ ਹੈ, ਬਾਹਾਂ ਅਤੇ ਲੱਤਾਂ ਅਕਸਰ ਚਿਪਚਿਪੀਆਂ ਅਤੇ ਸਿੱਲੀਆਂ ਮਹਿਸੂਸ ਹੋ ਸਕਦੀਆਂ ਹੈ।
- ਚਮੜੀ ਜਾਮਨੀ ਜਾਂ ਨੀਲੀ ਲੱਗ ਸਕਦੀ ਹੈ, ਖ਼ਾਸਕਰ ਪੈਰ, ਲੱਤਾਂ ਜਾਂ ਹੱਥ ਅਤੇ ਬਾਹਾਂ। ਇਸ ਰੰਗ ਪਰਿਵਰਤਨ ਨੂੰ "ਮੌਟਲਿੰਗ" (mottling) ਕਿਹਾ ਜਾਂਦਾ ਹੈ ਅਤੇ ਇਹ ਖੂਨ ਦੇ ਹੌਲੀ ਹੋਣ ਕਾਰਨ ਹੁੰਦਾ ਹੈ। ਹੋ ਸਕਦਾ ਹੈ ਕਿ ਵਿਅਕਤੀ ਇਨ੍ਹਾਂ ਲੱਛਣਾਂ ਬਾਰੇ ਜਾਣੂ ਨਾ ਹੋਵੇ ਅਤੇ ਉਸ ਨੂੰ ਠੰਡ ਮਹਿਸੂਸ ਨਾ ਹੋਵੇ। ਗਰਮ ਪਾਣੀ ਦੀ ਬੋਤਲ ਜਾਂ ਹੀਟਿੰਗ ਪੈਡ ਦੀ ਵਰਤੋਂ ਨਾ ਕਰੋ। ਇਸ ਸਮੇਂ ਇਹ ਵਸਤੂਆਂ ਖ਼ਤਰਨਾਕ ਹੋ ਸਕਦੀਆਂ ਹਨ ਅਤੇ ਜਲਣ ਦਾ ਕਾਰਨ ਵੀ ਬਣ ਸਕਦੀਆਂ ਹਨ। ਹਲਕੇ ਕੰਬਲ ਵਰਤੇ ਜਾ ਸਕਦੇ ਹਨ।

## ਨਰਸ ਨੂੰ ਕਦੋਂ ਬੁਲਾਉਣਾ ਹੈ

ਨਰਸ ਨੂੰ ਤਾਂ ਕਾਲ ਕਰੋ ਜੇ ਤੁਸੀਂ ਇਸ ਗੱਲ ਬਾਰੇ ਚਿੰਤਤ ਹੋ ਕਿ ਤੁਹਾਡਾ/ਤੁਹਾਡੇ ਅਜ਼ੀਜ਼:

- ਨੂੰ ਦਰਦ ਹੋ ਰਿਹਾ ਹੈ
- ਉਤਾਵਲਾ ਅਤੇ/ਜਾਂ ਵਧ ਬੇਚੈਨ ਹੈ
- ਸਾਹ ਚੜਦਾ ਮਹਿਸੂਸ ਕਰ ਰਿਹਾ ਹੈ
- ਬਾਰ-ਬਾਰ ਮਾਸਪੇਸ਼ੀਆਂ ਵਿੱਚ ਖਿਚਾਅ ਦਾ ਅਨੁਭਵ ਕਰ ਰਿਹਾ ਹੈ
- ਦਾ ਦਮ ਘੁੱਟ ਰਿਹਾ ਹੈ
- ਦਾ ਤਾਪਮਾਨ ਵਧਿਆ ਹੈ

ਸ਼ਾਂਤ ਰਹੋ। ਭਰੋਸਾ ਦਿਵਾਓ ਅਤੇ ਨਰਸ ਦੇ ਆਉਣ ਤੱਕ ਆਪਣੇ ਅਜ਼ੀਜ਼ ਦੇ ਨਾਲ ਰਹੋ।

## ਜਦੋਂ ਮੌਤ ਹੋਵੇਗੀ ਤਾਂ ਤੁਹਾਨੂੰ ਕਿਵੇਂ ਪਤਾ ਲੱਗੇਗਾ?

ਹਾਲਾਂਕਿ ਮੌਤ ਭਾਵੀ ਸੀ, ਪਰ ਹੋ ਸਕਦਾ ਹੈ ਕਿ ਉਸਦੇ ਹੋਣ ਦੇ ਅਸਲ ਪਲ ਲਈ ਤੁਸੀਂ ਤਿਆਰ ਨਾ ਹੋਵੋ।

**ਮੌਤ ਦੇ ਸਮੇਂ:**

- ਕੋਈ ਪ੍ਰਤੀਕਿਰਿਆ ਨਹੀਂ ਹੋਵੇਗੀ, ਸਾਹ ਨਹੀਂ ਹੋਵੇਗਾ, ਅਤੇ ਨਬਜ਼ ਨਹੀਂ ਹੋਵੇਗੀ।
- ਪਲਕਾਂ ਖੁੱਲੀਆਂ ਜਾਂ ਬੰਦ ਹੋ ਸਕਦੀਆਂ ਹਨ। ਜੇ ਖੁੱਲੀਆਂ ਹੋਣ, ਤਾਂ ਅੱਖਾਂ ਇਕ ਦਿਸ਼ਾ ਵਿਚ ਸਥਿਰ ਹੋ ਜਾਣਗੀਆਂ।
- ਪਿਸ਼ਾਬ ਅਤੇ ਟੱਟੀ ਨਿਕਲ ਸਕਦੇ ਹਨ।
- ਜਬਾੜੇ ਦੇ ਢਿੱਲਾ ਪੈਣ ਕਾਰਨ ਮੂੰਹ ਥੋੜਾ ਜਿਹਾ ਖੁੱਲ੍ਹਾ ਹੋ ਸਕਦਾ ਹੈ। ਮੂੰਹ ਵਿੱਚੋਂ ਤਰਲ ਨਿਕਲ ਸਕਦਾ ਹੈ।

**ਮੌਤ ਹੋਣ ਤੋਂ ਬਾਅਦ:**

- ਜੇਕਰ ਇਹ ਸੰਭਾਵਿਤ ਮੌਤ ਹੈ, ਤਾਂ ਸਟਾਫ 911 'ਤੇ ਕਾਲ ਨਹੀਂ ਕਰੇਗਾ। ਇਹ ਕੋਈ ਮੈਡੀਕਲ ਐਮਰਜੈਂਸੀ ਨਹੀਂ ਹੈ। 911 'ਤੇ ਕਾਲ ਕਰਨ ਦਾ ਮਤਲਬ ਇਹ ਹੋ ਸਕਦਾ ਹੈ ਕਿ CPR ਅਤੇ ਹਸਪਤਾਲ ਵਿੱਚ ਟ੍ਰਾਂਸਫਰ ਸ਼ੁਰੂ ਹੋ ਗਿਆ ਹੈ।
- ਮੌਤ ਦੀ ਪੁਸ਼ਟੀ ਕਰਨ ਲਈ ਡਾਕਟਰ ਨੂੰ ਬੁਲਾਇਆ ਜਾਵੇਗਾ।
- ਇਹ ਤੁਹਾਡੇ ਲਈ ਆਪਣਾ ਦੁੱਖ ਜ਼ਾਹਰ ਕਰਨ ਅਤੇ ਆਪਣੇ ਅਜ਼ੀਜ਼ ਨਾਲ ਲੋੜੀਂਦਾ ਸਮਾਂ ਬਿਤਾਉਣ ਦਾ ਖਾਸ ਸਮਾਂ ਹੈ। ਆਪਣੇ ਅਜ਼ੀਜ਼ ਨੂੰ ਛੂਹਣ, ਜੱਫੀ ਪਾਉਣ, ਚੁੰਮਣ ਜਾਂ ਉਨ੍ਹਾਂ ਨਾਲ ਲੇਟਣ ਤੋਂ ਨਾ ਡਰੋ।
- ਜਦੋਂ ਤੁਸੀਂ ਤਿਆਰ ਹੋ, ਤਾਂ ਸਟਾਫ ਨੂੰ ਫਿਊਨਰਲ ਹੋਮ ਨਾਲ ਸੰਪਰਕ ਕਰਨ ਲਈ ਕਹੋ। ਫਿਊਨਰਲ ਹੋਮ, ਪਰਿਵਾਰ ਦੇ ਕਿਸੇ ਮੈਂਬਰ ਨਾਲ ਗੱਲ ਕਰਨਾ ਚਾਹ ਸਕਦਾ ਹੈ।
- ਮੌਤ ਤੋਂ 24 ਘੰਟੇ ਦੇ ਅੰਦਰ ਤੁਹਾਨੂੰ ਆਪਣੇ ਅਜ਼ੀਜ਼ ਦਾ ਸਮਾਨ ਲੈਕੇ ਜਾਣ ਲਈ ਕਿਹਾ ਜਾ ਸਕਦਾ ਹੈ।
- ਹੈਲਥ ਕੇਅਰ ਟੀਮ ਨੂੰ ਆਪਣੇ ਅਤੇ ਆਪਣੇ ਪਰਿਵਾਰ ਲਈ ਉਪਲਬਧ ਸੋਗ ਸਹਾਇਤਾ ਸੇਵਾਵਾਂ ਬਾਰੇ ਪੁੱਛੋ।
- ਹੈਲਥ ਕੇਅਰ ਟੀਮ ਨੂੰ ਆਪਣੇ ਅਤੇ ਆਪਣੇ ਪਰਿਵਾਰ ਲਈ ਉਪਲਬਧ ਸੋਗ ਸਹਾਇਤਾ ਸੇਵਾਵਾਂ ਬਾਰੇ ਪੁੱਛੋ।

## ਅੰਤਮ ਸੰਸਕਾਰ ਤੋਂ ਪਹਿਲਾਂ

ਜਦੋਂ ਤੁਸੀਂ ਫਿਊਨਰਲ ਹੋਮ ਨਾਲ ਮਿਲਦੇ ਹੋ, ਤਾਂ ਤੁਹਾਨੂੰ ਆਪਣੇ ਅਜ਼ੀਜ਼ ਬਾਰੇ ਹੇਠ ਲਿਖੀ ਜਾਣਕਾਰੀ ਦੀ ਲੋੜ ਪਵੇਗੀ:

- ਕਨੂੰਨੀ ਨਾਮ
- ਕਿੱਤਾ
- ਮੌਜੂਦਾ ਪਤਾ
- ਸੋਸ਼ਲ ਇੰਸ਼ੋਰੈਂਸ ਨੰਬਰ
- ਜਨਮ ਦੀ ਤਰੀਕ ਅਤੇ ਸਥਾਨ
- ਮਾਤਾ-ਪਿਤਾ ਦੇ ਨਾਮ ਅਤੇ ਜਨਮ ਸਥਾਨ
- ਵਿਆਹੁਤਾ ਸਥਿਤੀ
- ਪਾਰਟਨਰ ਦਾ ਨਾਮ
- ਬੱਚਿਆਂ ਦੇ ਨਾਮ

## ਕਮਪੈਸ਼ਨੇਟ ਕੇਅਰ ਲਾਭ

ਇਸ ਸਮੇਂ, ਮਰ ਰਹੇ ਅਜ਼ੀਜ਼ ਦੀ ਦੇਖਭਾਲ ਕਰਨ ਦੀਆਂ ਮੰਗਾਂ ਤੁਹਾਡੀ ਨੌਕਰੀ ਅਤੇ ਵਿੱਤੀ ਸੁਰੱਖਿਆ ਦੋਵਾਂ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ। ਤੁਸੀਂ ਕੈਨੇਡਾ ਸਰਕਾਰ ਦੁਆਰਾ ਮੁਹੱਈਆ ਕੀਤੇ ਗਏ ਕਮਪੈਸ਼ਨੇਟ ਕੇਅਰ ਲਾਭਾਂ (Compassionate Care Benefits) ਲਈ ਯੋਗ ਹੋ ਸਕਦੇ ਹੋ।

ਕਮਪੈਸ਼ਨੇਟ ਕੇਅਰ ਲਾਭਾਂ ਲਈ ਅਪਲਾਈ ਕਰਨ ਲਈ, ਤੁਸੀਂ ਇਹ ਕਰ ਸਕਦੇ ਹੋ:

- ਸਹਾਇਤਾ ਲਈ ਆਪਣੇ ਹਿਊਮਨ ਰਿਸੋਰਸ ਵਿਭਾਗ ਨਾਲ ਸੰਪਰਕ ਕਰੋ
- ਆਪਣੇ ਸਰਵਿਸ ਕੈਨੇਡਾ ਸੈਂਟਰ ਤੇ ਜਾਓ
- ਕਾਲ ਕਰੋ 1-800-206-7218 (ਟੀਟੀਵਾਈ: 1-800-529-3742)
- ਜਾਂ https://www.canada.ca/en/services/benefits/ei/caregiving.html 'ਤੇ ਔਨਲਾਈਨ ਜਾਓ

## ਅੰਗ ਅਤੇ ਟਿਸ਼ੂ ਦਾਨ

ਜਾਣਕਾਰੀ www.giftofLive.on.ca ਤੇ ਉਪਲਬਧ ਹੈ

*ਕਿਰਪਾ ਕਰਕੇ ਇਸ ਕਿਤਾਬਚੇ ਬਾਰੇ ਕਿਸੇ ਪ੍ਰਸ਼ਨ(ਨਾਂ) 'ਤੇ ਆਪਣੀ ਸਿਹਤ ਦੇਖਭਾਲ ਟੀਮ ਨਾਲ ਵਿਚਾਰ ਕਰਨ ਲਈ ਸਮਾਂ ਕੱਢੋ।*

**ਇਸ 'ਤੇ ਪੈਲੀਏਟਿਵ ਕੇਅਰ ਕੰਸਲਟੇਸ਼ਨ ਪ੍ਰੋਗਰਾਮ**
**(Palliative Care Consultation Program) ਦੁਆਰਾ ਵਿਕਸਤ ਕੀਤਾ ਗਿਆ**

Acclaim Health

**Acclaim Health**
Palliative Care Consultation
2370 Speers Road
Oakville, ON, L6L 5M2
(905) 827-8111
ਟੋਲ ਫ੍ਰੀ: 1 (800) 426-9666
www.palliativecareconsultation.ca

ਇਹਨਾਂ ਦੁਆਰਾ ਪ੍ਰਵਾਨਿਤ:

ACCREDITED WITH EXEMPLARY STANDING — ACCREDITATION AGRÉMENT CANADA

STRONG CHARITIES. STRONG COMMUNITIES. — ACCREDITED SINCE 2015 — IMAGINE CANADA

ਅੰਸ਼ਕ ਤੌਰ 'ਤੇ ਇਹਨਾਂ ਦੁਆਰਾ ਫੰਡ ਕੀਤਾ ਗਿਆ:

Ontario

United Way Halton & Hamilton

@acclaimhealth

ਅਕਲੇਮ ਹੈਲਥ, ਹੋਮ ਐਂਡ ਕਮਿਊਨਿਟੀ ਕੇਅਰ ਸਪੋਰਟ ਸਰਵਿਸਿਜ਼ ਮਿਸੀਸਾਗਾ ਹਾਲਟਨ (MH) ਅਤੇ ਹੋਮ ਐਂਡ ਕਮਿਊਨਿਟੀ ਕੇਅਰ ਸਪੋਰਟ ਸਰਵਿਸਿਜ਼ ਹੈਮਿਲਟਨ ਨਿਆਗਰਾ ਹੈਲਡੀਮੈਂਡ ਬ੍ਰਾਂਟ (HNHB) ਦੇ ਪ੍ਰੋਗਰਾਮਾਂ ਅਤੇ ਸੇਵਾ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕੌਨਟ੍ਰੈਕਟ ਅਧੀਨ ਨਰਸਿੰਗ ਅਤੇ ਨਿੱਜੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ। ਪ੍ਰਗਟਾਏ ਗਏ ਵਿਚਾਰ ਅਕਲੇਮ ਹੈਲਥ ਦੇ ਹਨ ਅਤੇ ਜ਼ਰੂਰੀ ਤੌਰ ‘ਤੇ MH, HNHB, ਓਨਟੈਰੀਓ ਹੈਲਥ ਜਾਂ ਓਨਟੈਰੀਓ ਸਰਕਾਰ ਦੇ ਵਿਚਾਰ ਨਹੀਂ ਦਰਸਾਉਂਦੇ ਹਨ।
**ਚੈਰੀਟੇਬਲ ਰਜਿਸਟ੍ਰੇਸ਼ਨ ਨੰਬਰ: 11928 4602 RR0001**